Alberta

ਨਿਊਜ਼ ਰਿਲੀਜ਼

# ਖਤਰੇ ਵਿਚਲੀਆਂ ਔਰਤਾਂ ਵਾਸਤੇ ਸੁਰੱਖਿਅਤ ਸਥਾਨਾਂ 'ਚ ਵਧੇਰੇ ਥਾਵਾਂ

19 ਮਾਰਚ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਸਰਕਾਰ ਔਰਤਾਂ ਦੇ ਸ਼ੈਲਟਰਾਂ ਨੂੰ ਮਜ਼ਬੂਤ ਕਰਨ ਅਤੇ ਵਧੇਰੇ ਸਥਾਨਾਂ ਨੂੰ ਫੰਡ ਕਰਨ ਲਈ ਚਾਰ ਸਾਲਾਂ ਦੌਰਾਨ 10 ਮਿਲੀਅਨ ਡਾਲਰ ਵਧੀਕ ਮੁਹੱਈਆ ਕਰਨ ਦਾ ਆਪਣਾ ਵਾਅਦਾ ਪੂਰਾ ਕਰ ਰਹੀ ਹੈ।

ਹਰੇਕ ਸਾਲ ਪਰਿਵਾਰਕ ਹਿੰਸਾ ਅਤੇ ਦੁਰਵਿਹਾਰ ਝੱਲ ਰਹੀਆਂ ਹਜ਼ਾਰਾਂ ਔਰਤਾਂ ਸ਼ੈਲਟਰਾਂ ਤੋਂ ਮਦਦ ਭਾਲਦੀਆਂ ਹਨ। ਇਹ ਸ਼ੈਲਟਰ ਬਚ ਕੇ ਨਿਕਲ ਆਉਂਣ ਵਾਲੀਆਂ ਔਰਤਾਂ ਨੂੰ ਸੁਰੱਖਿਅਤ, ਸਹਾਇਕ ਪ੍ਰਕਾਰ ਦਾ ਮਾਹੌਲ ਅਤੇ ਅਤਿ-ਲੋੜੀਂਦੀ ਸਹਾਇਤਾ ਮੁਹੱਈਆ ਕਰਨ ਦੁਆਰਾ ਉਨ੍ਹਾਂ ਦੀਆਂ ਜ਼ਿੰਦਗੀਆਂ ਦੇ ਸਭ ਤੋਂ ਹਨੇਰੇ ਹਾਲਾਤ ਉੱਪਰ ਕੁਝ ਕੁ ਕਾਬੂ ਪਾਉਣ 'ਚ ਮਦਦ ਕਰਦੇ ਹਨ, ਪਰੰਤੂ ਇਹ ਆਪਣੀ ਸਮਰੱਥਾ ਅਤੇ ਸੇਵਾਵਾਂ ਦੀ ਵਧੀ ਹੋਈ ਮੰਗ ਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਹੇ ਹਨ।

ਐਲਬਰਟਾ ਸਰਕਾਰ ਔਰਤਾਂ ਦੇ ਸ਼ੈਲਟਰਾਂ ਦੀ ਮਦਦ ਕਰਨ ਅਤੇ ਐਲਬਰਟਾ ਨਿਵਾਸੀਆਂ ਨੂੰ ਸੁਰੱਖਿਅਤ ਰੱਖਣ ਲਈ ਜਿਹੜਾ ਵੱਡਮੁੱਲਾ ਕੰਮ ਉਹ ਸ਼ੈਲਟਰ ਕਰ ਰਹੇ ਹਨ, ਉਸ ਬਾਰੇ ਮਾਣ ਮਹਿਸੂਸ ਕਰਦੀ ਹੈ। ਹੁਣੇ ਹੁਣੇ, ਸੂਬੇ ਭਰ ਵਿਚ 17 ਕਮਿਊਨਿਟੀਆਂ 'ਚ ਔਰਤਾਂ ਦੇ ਸ਼ੈਲਟਰਾਂ ਨੂੰ 5 ਮਿਲੀਅਨ ਡਾਲਰ ਵੰਡਿਆ ਜਾ ਰਿਹਾ ਹੈ, ਤਾਂ ਕਿ ਉਹ ਹਿੰਸਾ ਵਿਚੋਂ ਨਿਕਲਣ ਵਾਲੀਆਂ ਔਰਤਾਂ ਲਈ ਵਧੀਕ ਸਥਾਨ ਪੈਦਾ ਕਰ ਸਕਣ। ਜੇਕਰ ਪਾਸ ਹੋ ਜਾਂਦਾ ਹੈ, ਤਾਂ ਬੱਜਟ 2024 ਐਲਬਰਟਾ ਨੂੰ ਆਉਂਦੇ ਤਿੰਨ ਸਾਲਾਂ ਦੌਰਾਨ ਔਰਤਾਂ ਦੇ ਸ਼ੈਲਟਰਾਂ ਨੂੰ ਸਲਾਨਾਂ ਫੰਡਿੰਗ ਵਿਚ 5 ਮਿਲੀਅਨ ਡਾਲਰ ਦਾ ਵਾਧਾ ਕਰਦਿਆਂ ਵੇਖੇਗਾ।

"ਫੌਰੀ ਖਤਰੇ 'ਚ ਆ ਜਾਣ ਵਾਲੀਆਂ ਔਰਤਾਂ ਤੇ ਬੱਚਿਆਂ ਕੋਲ ਹਮੇਸ਼ਾਂ ਆਉਂਣ ਵਾਸਤੇ ਇਕ ਸੁਰੱਖਿਅਤ ਜਗਹ ਹੋਣੀ ਚਾਹੀਦੀ ਹੈ। ਔਰਤਾਂ ਦੇ ਸ਼ੈਲਟਰਾਂ ਬਾਰੇ ਆਪਣੇ ਚੋਣ ਵਾਅਦੇ ਨੂੰ ਪੂਰਿਆਂ ਕਰਦਿਆਂ, ਸਾਡੀ ਸਰਕਾਰ ਵਧੇਰੇ ਐਲਬਰਟਾ ਪਰਿਵਾਰਾਂ ਨੂੰ ਸੁਰੱਖਿਅਤ ਰੱਖਣ ਅਤੇ ਹਿੰਸਾ ਤੋਂ ਬਚ ਨਿਕਲਣ ਵਾਲਿਆਂ ਦੇ ਦੁੱਖ-ਹਰਨ ਦੇ ਸਫਰਾਂ ਨੂੰ ਸਸ਼ਕਤ ਬਣਾਉਣ 'ਚ ਮਦਦ ਕਰ ਰਹੀ ਹੈ।"

*Searle Turton, ਮਿਨਿਸਟਰ ਆਫ ਚਿਲਡਰਨ ਐਂਡ ਫੈਮਿਲੀ ਸਰਵਿਸਿਜ਼*

Classification: Public

“ਐਲਬਰਟਾ ਸਰਕਾਰ ਇਕ ਮੇਡ-ਇੰਨ-ਐਲਬਰਟਾ ਕਰਵਾਈ ਯੋਜਨਾਂ ਬਣਾਉਣ 'ਚ ਪੂਰੀ ਤਰ੍ਹਾਂ ਜੁੱਟੀ ਹੋਈ ਹੈ, ਜਿਹੜੀ ਲਿੰਗ-ਆਧਾਰਿਤ ਹਿੰਸਾ 'ਚੋਂ ਬਚ ਨਿਕਲਣ ਵਾਲਿਆਂ ਦੀ ਸਹਾਇਤਾ ਕਰਦੀ ਅਤੇ ਇਸ ਹਿੰਸਾ ਦੇ ਮੂਲ ਕਾਰਨਾਂ ਨਾਲ ਨਿਪਟਦੀ ਹੈ। ਇਹ ਫੰਡਿੰਗ ਸੂਬੇ ਭਰ ਵਿਚ ਔਰਤਾਂ ਦੇ ਸ਼ੈਲਟਰਾਂ ਨੂੰ ਹਿੰਸਾ 'ਚੋਂ ਬਚ ਨਿਕਲਣ ਵਾਲੀਆਂ ਔਰਤਾਂ ਅਤੇ ਕੁੜੀਆਂ ਦੀਆਂ ਲੋੜਾਂ ਨਾਲ ਨਿਪਟਣਾ ਜਾਰੀ ਰੱਖਣ ਅਤੇ ਵਧੇਰੇ ਮਜ਼ਬੂਤ ਕਮਿਊਨਿਟੀਆਂ ਉਸਾਰਨ ਵਿਚ ਮਦਦ ਕਰੇਗੀ।”

*Tanya Fir, ਮਿਨਿਸਟਰ ਆਫ ਆਰਟਸ, ਕਲਚਰ ਐਂਡ ਸਟੇਟਸ ਆਫ ਵੂਮੈਨ*

ਐਲਬਰਟਾ ਸਰਕਾਰ ਚਾਰ ਸਾਲਾਂ ਦੌਰਾਨ ਪੂਰੇ 10 ਮਿਲੀਅਨ ਡਾਲਰ ਖਰਚ ਰਹੀ ਹੈ, 5 ਮਿਲੀਅਨ ਡਾਲਰ 2023-24 'ਚ, 1.5 ਮਿਲੀਅਨ ਡਾਲਰ 2024-25 'ਚ ਅਤੇ ਇਕ ਵਧੀਕ 1.5 ਮਿਲੀਅਨ ਡਾਲਰ 2025-26 'ਚ ਤੇ 2 ਮਿਲੀਅਨ ਡਾਲਰ 2026-27 'ਚ। ਇਹ ਪੂੰਜੀ-ਨਿਵੇਸ਼ ਸੂਬੇ ਭਰ ਵਿਚ ਸ਼ੈਲਟਰਾਂ 'ਚ 104 ਵਧੀਕ ਬੈੱਡਾਂ ਨੂੰ ਫੰਡ ਕਰੇਗਾ ਜਿਸ 'ਚ ਵਾਈਟਕੋਰਟ 'ਚ ਉਪਲਬਧ ਬੈੱਡਾਂ ਦੀ ਗਿਣਤੀ ਨੂੰ ਦੁੱਗਣੀ ਕਰਨਾਂ ਅਤੇ ਬੈਂਫ ਦੀ ਵਾਈ ਡਬਲਿਊ ਸੀ ਏ ਅਤੇ ਈਲੀਨਾ'ਜ਼ ਪਲੇਸ ਵਿਚ ਹੋਰ ਨਵੇਂ ਬੈੱਡ ਵਧਾਉਣਾ ਸ਼ਾਮਲ ਹੈ।

ਇਸ ਤੋਂ ਇਲਾਵਾ, ਇਹ ਫੰਡਿੰਗ ਪੇਂਡੂ ਖੇਤਰਾਂ ਵਿਚਲੀ ਉੱਚ ਲੋੜ ਨੂੰ ਪੂਰਿਆਂ ਕਰਨ 'ਚ ਮਦਦ ਵਾਸਤੇ ਨਵੀਨਤਾ ਵਾਲੇ ਪ੍ਰੋਗਰਾਮਾਂ ਨੂੰ ਸਹਾਇਤਾ ਦੇਵੇਗੀ। ਪੇਂਡੂ ਸ਼ੈਲਟਰਾਂ ਨੂੰ ਸਹਾਇਤਾ ਵਧਾਉਣ ਦੇ ਸਮਾਂਧਾਨਾਂ ਵਿਚ ਸ਼ਾਮਲ ਹਨ ਰੋਵਨ ਹਾਊਸ ਸੁਸਾਇਟੀ ਦੇ ਨਵੇਂ, ਹਾਈ ਰਿਵਰ 'ਚ ਆਪਣੀ ਕਿਸਮ ਦੇ ਪਹਿਲੇ ਪ੍ਰੋਗਰਾਮ ਲਈ 350,000 ਡਾਲਰ, ਜਿਹੜਾ ਪ੍ਰੋਗਰਾਮ ਔਰਤਾਂ ਨੂੰ, ਜਦੋਂ ਉਹ ਘਰੇਲੂ ਹਿੰਸਾ ਹੰਢਾ ਰਹੀਆਂ ਹੁੰਦੀਆਂ ਹਨ, ਆਪਣੀ ਪਸੰਦ 'ਤੇ ਅਧਿਕਾਰ ਰੱਖਣ ਲਈ ਸਸ਼ਕਤ ਕਰਦਾ ਹੈ, ਇਸਦੇ ਨਾਲ ਨਾਲ ਕਾਕਰੇਨ 'ਚ ਬਿੱਗ ਹਿੱਲ ਹੇਵਨ ਲਈ 275,000 ਡਾਲਰ, ਜਿਸ ਪਾਸ ਕੋਈ ਵਜੂਦ ਵਾਲਾ ਸ਼ੈਲਟਰ ਨਹੀਂ ਹੈ ਅਤੇ ਜਿਹੜਾ ਯੂਨਿਟ ਕਿਰਾਏ 'ਤੇ ਲੈਂਦਾ ਹੈ ਤਾਂ ਕਿ ਦੁਰਵਿਹਾਰ ਤੋਂ ਭੱਜ ਨਿਕਲਣ ਵਾਲੀਆਂ ਔਰਤਾਂ ਦੇ ਰਹਿਣ ਲਈ ਕੋਈ ਲੋਕਲ ਥਾਂ ਹੋਵੇ।

ਅੰਤ ਵਿਚ, ਐਲਬਰਟਾ ਸਰਕਾਰ 2024-25 'ਚ ਔਰਤਾਂ ਦੇ ਸ਼ੈਲਟਰਾਂ ਦੀ ਗਰਾਂਟ ਦੇ ਸਮਝੌਤਿਆਂ 'ਚ ਚਿਰਾਂ ਤੋਂ ਬੇਨਤੀ ਕੀਤੀਆਂ ਗਈਆਂ ਤਬਦੀਲੀਆਂ ਵੀ ਸ਼ੁਰੂ ਕਰ ਰਹੀ ਹੈ। ਔਰਤਾਂ ਦੇ ਸ਼ੈਲਟਰਾਂ ਦੇ ਪ੍ਰਦਾਨਕਰਤਾ ਇਸ ਗੱਲ ਵਿਚ ਕੁਝ ਗੁੰਜ਼ਾਇਸ਼ ਵਾਸਤੇ ਆਖ ਰਹੇ ਸਨ ਕਿ ਫੰਡਿੰਗ ਕਿਵੇਂ ਅਲਾਟ ਕੀਤੀ ਜਾਵੇ ਜਿਹੜੀ ਹਰੇਕ ਸ਼ੈਲ਼ਟਰ ਦੇ ਵਿਲੱਖਣ ਹਾਲਾਤ ਲਈ ਸਭ ਤੋਂ ਵਧੀਆ ਤਰੀਕੇ ਨਾਲ ਕੰਮ ਕਰੇ ਅਤੇ ਉਨ੍ਹਾਂ ਨੂੰ ਹਿੰਸਾ ਤੋਂ ਬਚ ਨਿਕਲਣ ਵਾਲੇ ਲੋਕਾਂ ਦੀਆਂ ਲੋੜਾਂ ਦਾ ਚੰਗੇਰੇ ਢੰਗ ਨਾਲ ਹੱਲ ਕਰ ਸਕਣ 'ਚ ਮਦਦ ਕਰੇ। ਇੰਨ੍ਹਾਂ ਗਰਾਂਟ ਸਮਝੌਤਿਆਂ ਵਿਚਲੀਆਂ ਤਬਦੀਲੀਆਂ 1 ਅਪਰੈਲ ਤੋਂ ਲਾਗੂ ਹੋ ਜਾਣਗੀਆਂ।

## ਫੌਰੀ ਤੱਥ

- ਸਰਕਾਰ ਵਿਅਕਤੀਆਂ ਅਤੇ ਪਰਿਵਾਰਾਂ ਨੂੰ ਉਹ ਸਹਾਇਤਾ ਪ੍ਰਾਪਤ ਕਰਨ 'ਚ ਮਦਦ ਦੇਣ ਵਾਸਤੇ ਔਰਤਾਂ ਦੇ ਸ਼ੈਲਟਰਾਂ ਲਈ ਸਲਾਨਾਂ ਫੰਡਿੰਗ 'ਚ 55.8 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੀ ਹੈ, ਜਿਹੜੀ ਸਹਾਇਤਾ ਦੀ ਉਨ੍ਹਾਂ ਨੂੰ ਲੋੜ ਹੈ।

- 2023/2024 ਲਈ 3,500 ਤੋਂ ਵੱਧ ਬਾਲਗ ਅਤੇ 2,750 ਬੱਚੇ ਔਰਤਾਂ ਦੇ ਐਮਰਜੈਂਸੀ ਸ਼ੈਲਟਰਾਂ 'ਚ ਦਾਖਲ ਹੋਏ। ਕੋਈ ਜਣਾ ਵੀ ਮਦਦ ਦਿੱਤੇ ਜਾਣ ਤੋਂ ਬਗੈਰ ਔਰਤਾਂ ਦੇ ਸ਼ੈਲਟਰਾਂ ਤੋਂ ਵਾਪਸ ਨਹੀਂ ਮੋੜਿਆ ਗਿਆ। ਹਿੰਸਾ ਭੋਗ ਰਹੀਆਂ ਔਰਤਾਂ ਅਤੇ ਪਰਿਵਾਰਾਂ ਲਈ ਸਹਾਇਤਾ ਹਮੇਸ਼ਾਂ ਉਪਲਬਧ ਹੈ।
- ਫੰਡਿੰਗ ਪ੍ਰਾਪਤ ਕਰਨ ਵਾਲੇ ਬੈਂਫ, ਬਰੁੱਕਸ, ਕੈਲਗਰੀ, ਕੈਮਰੋਜ਼, ਕਾਕਰੇਨ, ਕੋਲਡ ਲੇਕ, ਐਡਮਿੰਟਨ, ਫੇਅਰਵਿਊ, ਫੋਰਟ ਮੈਕਮਰੀ, ਗਰੈਂਡ ਪਰੇਰੀ, ਹਾਈ ਰਿਵਰ, ਲਯੋਡਮਿਨਸਟਰ, ਮੌਰਿਨਵਿਲੇ, ਰੌਕੀ ਮਾਊਂਟੇਨ ਹਾਊਸ, ਸ਼ੇਰਵੁੱਡ ਪਾਰਕ, ਸੇਂਟ ਪਾਲ ਅਤੇ ਵਾਈਟਕੋਰਟ ਵਿਚ ਸਥਿੱਤ ਹਨ।
- ਐਲਬਰਟਾ ਨਿਵਾਸੀ ਫੈਮਿਲੀ ਵਾਇਉਲੈਂਸ ਇੰਫੋ ਲਾਈਨ 310-1818 'ਤੇ 24/7 ਫੋਨ ਕਰਨ ਜਾਂ ਟੈਕਸਟ ਭੇਜਣ ਦੁਆਰਾ ਸਹਾਇਤਾ ਹਾਸਲ ਕਰ ਸਕਦੇ ਹਨ। ਫੋਨ ਸਹਾਇਤਾ 170 ਤੋਂ ਵੱਧ ਭਾਸ਼ਾਵਾਂ 'ਚ ਪੇਸ਼ ਕੀਤੀ ਜਾਂਦੀ ਹੈ, ਜਿੰਨ੍ਹਾਂ 'ਚ ਕੈਨੇਡਾ 'ਚ ਬੋਲੀਆਂ ਜਾਣ ਵਾਲੀਆਂ ਸਾਰੀਆਂ ਇੰਡਿਜਨਸ ਭਾਸ਼ਾਵਾਂ ਸ਼ਾਮਲ ਹਨ। ਅੰਗਰੇਜ਼ੀ ਵਿਚ 24/7 ਇਕ ਗੁਪਤ ਆਨਲਾਈਨ ਵੈੱਬਚੈਟ ਵੀ ਉਪਲਬਧ ਹੈ।

*ਬੱਜਟ 2024, ਐਲਬਰਟਾ ਸਰਕਾਰ ਦੇ ਮੁਕਾਬਲਾਮਈ ਫਾਇਦੇ ਨੂੰ ਬਣਾਉਣਾ ਜਾਰੀ ਰੱਖਣ ਵਾਸਤੇ, ਸਿਹਤ ਸੰਭਾਲ ਅਤੇ ਸਿੱਖਿਆ ਨੂੰ ਮਜ਼ੂਬਤ ਕਰਨ, ਸੁਰੱਖਿਅਤ ਅਤੇ ਸਹਿਯੋਗੀ ਕਮਿਊਨਿਟੀਆਂ ਉਸਾਰਨ, ਸੂਬੇ ਦੇ ਸਰੋਤਾਂ ਨੂੰ ਸਿਆਣਪ ਸਹਿਤ ਵਰਤਣ ਅਤੇ ਨੌਕਰੀਆਂ ਪੈਦਾ ਕਰਨ ਨੂੰ ਬੜ੍ਹਾਵਾ ਦੇਣ ਦੀ ਇਕ ਜ਼ਿੰਮੇਵਾਰਾਨਾਂ ਪ੍ਰਕਾਰ ਦੀ ਯੋਜਨਾਂ ਹੈ।*

## ਸਬੰਧਤ ਨਿਊਜ਼

- ਰੈਫਿਊਜੀ ਰੀਮੀਡੀਏਸ਼ਨ ਫਾਰ ਪੀਸ ਰਿਵਰ ਵੁਮੈੱਨ'ਜ਼ ਸ਼ੈਲਟਰ (27 ਫਰਵਰੀ 2024)

## ਸੰਬਧਤ ਜਾਣਕਾਰੀ

- ਫੈਮਲੀ ਵਾਇਉਲੈਂਸ
- ਫੈਮਲੀ ਵਾਇਉਲੈਂਸ - ਫਾਈਂਡ ਸੁਪੋਰਟਸ
- ਫਾਈਂਡ ਸ਼ੈਲਟਰ
- 24/7 ਕਾਨਫੀਡੈਂਸ਼ੀਅਲ ਵੈੱਬਚੈਟ

## ਮਲਟੀਮੀਡੀਆ

- ਵਾਚ ਦਿ ਨਿਊਜ਼ ਕਾਨਫਰੰਸ

## ਮੀਡੀਆ ਇੰਨਕੁਆਰੀਆਂ

### Ashli Barrett

587-545-8821
ਪ੍ਰੈੱਸ ਸੈਕਰੇਟਰੀ, ਚਿਲਡਰਨ ਐਂਡ ਫੈਮਲੀ ਸਰਵਿਸਿਜ਼

Classification: Public